Insert your school crest here

# *Tell Them From Me* student survey:

## Information for parents and consent form for parents and carers

## *ਉਨ੍ਹਾਂ ਨੂੰ ਮੇਰੇ ਵਲੋਂ ਕਹਿ ਦਿਓ* ਵਿਦਿਆਰਥੀ ਸਰਵੇਖਣ:

## ਮਾਪਿਆਂ ਅਤੇ ਸੰਭਾਲਕਾਂ ਲਈ ਜਾਣਕਾਰੀ ਅਤੇ ਸਹਿਮਤੀ ਫਾਰਮ

ਸੈਂਟਰ ਫਾਰ ਐਡੂਕੇਸ਼ਨ ਸਟੈਟਿਸਟਿਕਸ ਐਂਡ ਇਵੈਲੂਏਸ਼ਨ

ਪਿਆਰੇ ਮਾਪਿਓ ਅਤੇ ਸੰਭਾਲਕੋ

ਇਸ ਟਰਮ ਦੌਰਾਨ, ਤੁਹਾਡਾ ਸਕੂਲ ਮੇਰੇ ਵਲੋਂ *ਉਨ੍ਹਾਂ ਨੂੰ ਕਹਿ ਦਿਓ (Tell Them From Me)* ਵਿਦਿਆਰਥੀ ਸਰਵੇਖਣ ਵਿੱਚ ਭਾਗ ਲੈ ਰਿਹਾ ਹੈ। ਇਹ ਸਰਵੇਖਣ ਸਾਨੂੰ ਕੀਮਤੀ ਪ੍ਰਤੀਕਿਰਿਆ (ਫੀਡਬੈਕ) ਦੇਵੇਗਾ ਕਿ ਵਿਦਿਆਰਥੀ ਸਕੂਲੀ ਜੀਵਨ ਬਾਰੇ ਕੀ ਸੋਚਦੇ ਹਨ, ਉਹ ਸਕੂਲ ਨਾਲ ਕਿਨ੍ਹੇ ਕੁ ਜੁੜੇ ਹੋਏ ਹਨ ਅਤੇ ਅਧਿਆਪਕ ਕਿਹੜੇ ਵਖੋ-ਵੱਖ ਤਰੀਕਿਆਂ ਨਾਲ ਉਨ੍ਹਾਂ ਨਾਲ ਤਾਲਮੇਲ ਰੱਖਦੇ ਹਨ। ਆਸਟਰੇਲੀਆ ਅਤੇ ਦੁਨੀਆ ਭਰ ਵਿੱਚ ਸਕੂਲਾਂ ਨੇ ਆਪਣੀ ਤਰੱਕੀ ਕਰਨ ਲਈ ਇਸ ਸਰਵੇਖਣ *Tell Them From Me* ਦੀ ਵਰਤੋਂ ਕੀਤੀ ਹੈ। ਇਹ ਸਰਵੇਖਣ ਆਨਲਾਇਨ ਪੂਰਾ ਕੀਤਾ ਜਾਂਦਾ ਹੈ ਅਤੇ ਇਹ ਇੱਕ ਸੁਤੰਤਰ ਖੋਜੀ ਕੰਪਨੀ **The Learning Bar** ਵਲੋਂ ਕੀਤਾ ਜਾਂਦਾ ਹੈ, ਜੋ ਸਕੂਲ ਸਬੰਧੀ ਸਰਵੇਖਣ ਕਰਾਉਣ ਵਿੱਚ ਮਾਹਿਰ ਹੈ।

ਸਕੂਲ ਦੇ ਕਰਮਚਾਰੀ **ਨਾਂ ਕਿ ਇਹ** ਵਿਅੱਕਤੀਗਤ ਵਿਦਿਆਰਥੀਆਂ ਦੀ ਉਨ੍ਹਾਂ ਦੇ ਜਵਾਬਾਂ ਤੋਂ ਉਨ੍ਹਾਂ ਦੀ ਪਹਿਚਾਣ ਨਹੀਂ ਕਰ ਸੱਕਣਗੇ। ਗੁਪਤਤਾ ਨੂੰ ਯਕੀਨੀ ਬਣਾਉਣ ਲਈ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇੱਕ ਵਿਲੱਖਣ ਯੂਸਰਨੇਮ ਅਤੇ ਪਾਸਵਰਡ ਉਪਲਬਧ ਕੀਤਾ ਜਾਵੇਗਾ। ਜਿਥੇ ਪੰਜ ਜਾਂ ਘੱਟ ਵਿਦਿਆਰਥੀ ਕਿਸੇ ਇੱਕ ਸਵਾਲ ਦਾ ਜਵਾਬ ਦੇਣ, ਨਤੀਜਿਆਂ ਨੂੰ ਲੁਕਾ ਕੇ ਰੱਖਿਆ ਜਾਵੇਗਾ। ਆਮ ਤੌਰ 'ਤੇ ਇਸ ਸਰਵੇਖਣ ਨੂੰ ਪੂਰਾ ਕਰਨ ਲਈ 30 ਮਿੰਟ ਜਾਂ ਇਸ ਤੋਂ ਘੱਟ ਸਮਾ ਲਗਦਾ ਹੈ ਅਤੇ ਇਸ ਦਾ ਪ੍ਰਬੰਧ ਆਮ ਸਕੂਲ ਦੇ ਸਮੇਂ ਦੌਰਾਨ ਹੀ ਸਕੂਲ ਦੇ ਅਧਿਕਾਰੀਆਂ ਵਲੋਂ ਕੀਤਾ ਪ੍ਰਦਾਨ ਕੀਤਾ ਜਾਵੇਗਾ। ਵਿਦਿਆਰਥੀਆਂ ਵਲੋਂ ਸਰਵੇਖਣ ਮੁਕੰਮਲ ਕੀਤੇ ਜਾਣ ਤੇ, ਰਿਪੋਰਟਾਂ ਤਿਆਰ ਕੀਤੀਆਂ ਜਾਂਦੀਆਂ ਹਨ ਜੋ ਜ਼ਿਆਦਾਤਰ ਮਾਮਲਿਆਂ ਵਿੱਚ ਤਿੰਨ ਕਾਰੋਬਾਰੀ ਦਿਨਾਂ ਦੇ ਅੰਦਰ- ਅੰਦਰ ਸਕੂਲਾਂ ਵਿੱਚ ਉਪਲਬਧ ਹੋਣਗੀਆਂ।

ਇਹ ਸਰਵੇਖਣ ਸਾਡੇ ਸਕੂਲ ਨੂੰ ਬਿਹਤਰ ਤਰੀਕੇ ਨਾਲ ਇਹ ਸਮਝਣ ਵਿੱਚ ਸਹਾਇਕ ਹੋਵੇਗਾ ਕਿ ਵਿਦਿਆਰਥੀਆਂ ਦੀ ਤੰਦਰੁਸਤੀ ਅਤੇ ਰੁਝੇਵੇਂ ਨੂੰ ਕਿਵੇਂ ਸੁਧਾਰਿਆ ਜਾਵੇ। ਇਹ ਸਕੂਲ ਨੂੰ ਇਸ ਗਲ ਦੀ ਪਹਿਚਾਣ ਕਰਨ ਵਿੱਚ ਸਹਾਇਕ ਹੋਵੇਗਾ ਕਿ ਵਿਦਿਆਰਥੀਆਂ ਦੇ ਨਤੀਜਿਆਂ ਵਿੱਚ ਸੁਧਾਰ ਲਿਆਉਣ ਲਈ ਕੀ ਕਰਨਾ ਚਾਹੀਦਾ ਹੈ।

ਸਰਵੇਖਣ ਵਿਚ ਹਿੱਸਾ ਲੈਣਾ ਪੂਰੀ ਤਰ੍ਹਾਂ ਸਵੈ-ਇੱਛਕ ਹੈ ਜੇ ਤੁਸੀਂ ਜਾਂ ਤੁਹਾਡਾ ਬੱਚਾ ਇਸ ਵਿੱਚ ਭਾਗ ਨਹੀਂ ਲੈਣਾ ਚਾਹੁੰਦੇ ਤਾਂ ਤੁਹਾਡਾ ਬੱਚਾ ਇਸ ਵਿੱਚ ਭਾਗ ਨਹੀਂ ਲਵੇਗਾ। ਸਰਵੇਖਣ ਦੌਰਾਨ, ਜੇ ਤੁਹਾਡਾ ਬੱਚਾ ਬੇਆਰਾਮੀ ਮਹਿਸੂਸ ਕਰੇ, ਤਾਂ ਉਹ ਕਿਸੇ ਵੀ ਸਮੇਂ ਸਰਵੇਖਣ ਨੂੰ ਨਾਂ ਪੂਰਾ ਕਰਨ ਦਾ ਫੈਸਲਾ ਕਰ ਸਕਦਾ ਹੈ। ਸਰਵੇਖਣ ਵਿੱਚਲੇ ਬਹੁਤ ਜ਼ਿਆਦਾ ਸਵਾਲ ਛੱਡ ਦਿਤੇ ਜਾ ਸਕਦੇ ਹਨ।

ਜੇ ਤੁਸੀਂ **ਨਹੀਂ ਚਾਹੁੰਦੇ ਕਿ ਤੁਹਾਡਾ ਬੱਚਾ** ਇਸ ਸਰਵੇਖਣ ਵਿੱਚ ਭਾਗ ਲਵੇ, ਤਾਂ ਕਿਰਪਾ ਕਰਕੇ ਨੱਥੀ ਫਾਰਮ ਨੂੰ ਪੂਰਾ ਕਰਕੇ ਤੁਹਾਡੇ ਬੱਚੇ ਦੇ ਸਕੂਲ ਨੂੰ delete and insert date of return ਤੱਕ ਵਾਪਸ ਕਰੋ

ਅੰਗਰੇਜ਼ੀ ਵਿੱਚ ਇਸ ਖੋਜ ਅਤੇ ਸਰਵੇਖਣ ਸੰਬੰਧਤ ਵਧੇਰੇ ਜਾਣਕਾਰੀ ਸੈਂਟਰ ਫਾਰ ਐਡੂਕੇਸ਼ਨ ਸਟੈਟਿਸਟਿਕਸ ਐਂਡ ਈਵੈਲੂਏਸ਼ਨ (Centre for Education Statistics and Evaluation) ਦੀ ਵੈਬਸਾਈਟ ਤੇ ਉਪਲਬਧ ਹੈ: http://surveys.cese.nsw.gov.au/information-for-parents

delete and insert name of principal
ਪ੍ਰਿੰਸੀਪਲ
delete and insert name of school

## *Tell Them From Me* Student Feedback Survey non-consent form

## *ਉਨ੍ਹਾਂ ਨੂੰ ਮੇਰੇ ਵਲੋਂ ਕਹਿ ਦਿਓ* ਵਿਦਿਆਰਥੀ ਫੀਡਬੈਕ ਸਰਵੇਖਣ ਨਾਂ-ਮਨਜ਼ੂਰੀ ਫਾਰਮ

**ਕਿਰਪਾ ਕਰਕੇ ਅੰਗਰੇਜ਼ੀ ਵਿੱਚ ਪੂਰਾ ਕਰੋ**

ਜੇ ਤੁਸੀਂ **ਨਹੀਂ ਚਾਹੁੰਦੇ** ਕਿ ਤੁਹਾਡਾ ਬੱਚਾ ਇਸ ਵਿਦਿਆਰਥੀ ਫੀਡਬੈਕ ਸਰਵੇਖਣ ਵਿੱਚ ਭਾਗ ਲਵੇ, ਤਾਂ ਕਿਰਪਾ ਕਰਕੇ ਇਸ ਫਾਰਮ 'ਤੇ ਹਸਤਾਖਰ ਕਰਕੇ ਇਸ ਨੂੰ ਆਪਣੇ ਸਕੂਲ ਨੂੰ delete and insert date of return ਤੱਕ ਵਾਪਸ ਕਰ ਦਿਓ।

**I DO NOT** give consent for my child/children to participate in the ***Tell Them From Me* student feedback survey.**

**ਮੈਂ ਆਗਿਆ ਨਹੀਂ ਦਿੰਦਾ ਕਿ** ਮੇਰਾ ਬੱਚਾ/ਮੇਰੇ ਬੱਚੇ ***ਉਨ੍ਹਾਂ ਨੂੰ ਮੇਰੇ ਵਲੋਂ ਕਹਿ ਦਿਓ* ਵਿਦਿਆਰਥੀ ਸਰਵੇਖਣ** ਵਿੱਚ ਭਾਗ ਲੈਣ।

| | |
|---|---|
| ਵਿਦਿਆਰਥੀ 1 ਦਾ ਨਾਮ<br>Name of student 1<br><br>................................ | ਵਿਦਿਆਰਥੀ 1 ਦੀ ਰੋਲ ਕਲਾਸ<br>Roll class of student 1<br><br>................................ |
| ਵਿਦਿਆਰਥੀ 1 ਦਾ ਨਾਮ<br>Name of student 2<br><br>................................ | ਵਿਦਿਆਰਥੀ 2 ਦੀ ਰੋਲ ਕਲਾਸ<br>Roll class of student 2<br><br>................................ |
| ਵਿਦਿਆਰਥੀ 3 ਦਾ ਨਾਮ<br>Name of student 3<br><br>................................ | ਵਿਦਿਆਰਥੀ 3 ਦੀ ਰੋਲ ਕਲਾਸ<br>Roll class of student 3<br><br>................................ |
| ਵਿਦਿਆਰਥੀ 4 ਦਾ ਨਾਮ<br>Name of student 4<br><br>................................ | ਵਿਦਿਆਰਥੀ 4 ਦੀ ਰੋਲ ਕਲਾਸ<br>Roll class of student 4<br><br>................................ |

Name of parent/carer ................................................
ਮਾਪੇ/ਸੰਭਾਲਕ ਦਾ ਨਾਮ (ਕਿਰਪਾ ਕਰਕੇ ਪ੍ਰਿੰਟ ਕਰੋ)

Signature of parent/carer ................................................
ਮਾਪੇ/ਸੰਭਾਲਕ ਦੇ ਹਸਤਾਖਰ

Date ................................................
ਮਿਤੀ